**ਪ੍ਰਧਾਨ ਮੰਤਰੀ ਨੇ ਅੱਡੀਸ ਅਬਾਬਾ, ਇਥੀਓਪੀਆ ਵਿੱਚ ਅਦਵਾ ਜਿੱਤ ਸਮਾਰਕ 'ਤੇ ਸ਼ਰਧਾਂਜਲੀ ਭੇਟ ਕੀਤੀ**

17 ਦਸੰਬਰ 2025

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਅੱਡੀਸ ਅਬਾਬਾ ਵਿੱਚ ਅਦਵਾ ਜਿੱਤ ਸਮਾਰਕ 'ਤੇ ਫੁੱਲਮਾਲਾ ਸਮਰਪਿਤ ਕਰਕੇ ਸ਼ਰਧਾਂਜਲੀ ਭੇਟ ਕੀਤੀ। ਇਹ ਸਮਾਰਕ ਉਨ੍ਹਾਂ ਬਹਾਦਰ ਇਥੀਓਪੀਆਈ ਸੈਨਿਕਾਂ ਨੂੰ ਸਮਰਪਿਤ ਹੈ, ਜਿਨ੍ਹਾਂ ਨੇ 1896 ਵਿੱਚ ਅਦਵਾ ਦੀ ਲੜਾਈ ਵਿੱਚ ਆਪਣੇ ਦੇਸ਼ ਦੀ ਪ੍ਰਭੂਸੱਤਾ ਲਈ ਸਰਬ-ਉੱਚ ਕੁਰਬਾਨੀ ਦਿੱਤੀ ਸੀ. ਇਹ ਸਮਾਰਕ ਅਦਵਾ ਦੇ ਨਾਇਕਾਂ ਦੇ ਅਜਿੱਤ ਹੌਂਸਲੇ ਅਤੇ ਦੇਸ਼ ਦੀ ਆਜ਼ਾਦੀ, ਮਾਣ ਅਤੇ ਤਾਕਤ ਦੀ ਸ਼ਾਨਦਾਰ ਵਿਰਾਸਤ ਦੇ ਸਨਮਾਨ ਵਜੋਂ ਹੈ।

2. ਪ੍ਰਧਾਨ ਮੰਤਰੀ ਦੀ ਸਮਾਰਕ ਯਾਤਰਾ ਭਾਰਤ ਅਤੇ ਇਥੀਓਪੀਆ ਦੇ ਵਿਚਕਾਰ ਇੱਕ ਵਿਸ਼ੇਸ਼ ਇਤਿਹਾਸਕ ਸੰਬੰਧ ਨੂੰ ਉਜਾਗਰ ਕਰਦੀ ਹੈ ਜਿਸ ਨੂੰ ਦੋਵਾਂ ਦੇਸ਼ਾਂ ਦੇ ਲੋਕਾਂ ਨੇ ਅੱਜ ਵੀ ਸੰਭਾਲ ਕੇ ਰੱਖਿਆ ਹੈ।

ਅੱਡੀਸ ਅਬਾਬਾ

17 ਦਸੰਬਰ 2025